# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)

(ਕਾਲਜ ਸੈਕਸ਼ਨ)

ਨੰ. 1018 /ਕਾਲਜ/ਸ-6

ਮਿਤੀ 28/4/25

ਰਜਿਸਟਰਡ/ਈ-ਮੇਲ

ਚੇਅਰਮੈਨ/ਪ੍ਰਧਾਨ,
ਕਰਨਲ ਕਾਲਜ ਆਫ ਫਿਜ਼ੀਕਲ ਐਜੂਕੇਸ਼ਨ,
ਝੂੜਲ ਕਲਾਂ, ਸੰਗਰੂਰ-148033.

ਵਿਸ਼ਾ:- ਸੈਸ਼ਨ 2025-26 ਤੋਂ ਪੀ.ਜੀ.ਡਿਪਲੋਮਾ ਇਨ ਯੋਗਾ ਦੀ ਪ੍ਰਵਾਨਗੀ ਸਬੰਧੀ।

ਹਵਾਲਾ: CCPE/2025/269, ਮਿਤੀ 19.04.2025.

ਉਕਤ ਵਿਸ਼ੇ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਹੋਏ ਆਦੇਸ਼ਾਂ ਅਨੁਸਾਰ ਹਵਾਲਾ ਅਧੀਨ ਪੱਤਰ ਅਨੁਸਾਰ ਇੰਡੋਮੈਂਟ ਫੰਡ ਵੱਜੋਂ ਲੋੜੀਂਦੀ ਐਫ ਡੀ ਆਰ ਅਤੇ ਸਬੰਧਤਾ ਫੀਸ ਪ੍ਰਾਪਤ ਹੋਣ ਉਪਰੰਤ ਉਕਤ ਕਾਲਜ ਨੂੰ ਸੈਸ਼ਨ 2025-26 ਤੋਂ ਪੀ.ਜੀ.ਡਿਪਲੋਮਾ ਇਨ ਯੋਗਾ (01 ਯੂਨਿਟ=30 ਸੀਟਾਂ) ਨੂੰ ਸ਼ੁਰੂ ਕਰਨ ਦੀ ਪ੍ਰਵਾਨਗੀ ਇਸ ਸ਼ਰਤ ਤਹਿਤ ਦਿੱਤੀ ਜਾਂਦੀ ਹੈ ਕਿ ਸੈਸ਼ਨ 2025-26 ਦੌਰਾਨ ਉਕਤ ਕੋਰਸ ਸਬੰਧੀ ਮੁੜ ਮੁਆਇਨਾ ਕਰਵਾਇਆ ਜਾਵੇਗਾ। ਜੇਕਰ ਫੇਰ ਵੀ ਸ਼ਰਤਾਂ ਦੀ ਪੂਰਤੀ ਨਹੀ ਹੁੰਦੀ ਤਾਂ ਅਗਲੇ ਸੈਸ਼ਨ 2026-27 ਤੋਂ ਇਸ ਕੋਰਸ ਦੀ ਸਬੰਧਤਾ ਰੱਦ ਕਰ ਦਿੱਤੀ ਜਾਵੇਗੀ।

ਇਸ ਲਈ ਮਿਤੀ 12.12.2024 ਦੀ ਮੁਆਇਨਾ ਰਿਪੋਰਟ (ਕਾਪੀ ਪਹਿਲਾਂ ਹੀ ਭੇਜੀ ਜਾ ਚੁੱਕੀ ਹੈ) ਵਿੱਚ ਦਰਜ਼ ਸ਼ਰਤਾਂ (ਯੂਨੀਵਰਸਿਟੀ ਨਿਯਮਾਂ ਅਨੁਸਾਰ ਲੋੜੀਂਦੇ ਟਚਿੰਗ ਸਟਾਫ਼ ਦੀ ਨਿਯੁਕਤੀ ਕਰਨ ਸਮੇਤ) ਦੀ ਤੁਰੰਤ ਪੂਰਤੀ ਕਰਕੇ ਲੋੜੀਂਦੇ ਤਸਦੀਕਸ਼ੁਦਾ ਦਸਤਾਵੇਜ਼ਾਂ ਸਮੇਤ ਦਫ਼ਤਰ ਨੂੰ ਸੂਚਿਤ ਕੀਤਾ ਜਾਵੇ।

ਸਹੀ/-
ਡੀਨ ਕਾਲਜ ਵਿਕਾਸ ਕੌਂਸਲ

ਪਿੱਠ ਅੰਕਣ ਨੰ: 1019 - 28 ,ਮਿਤੀ 28/4/25

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ:-

01. ਕੰਟਰੋਲਰ (ਪ੍ਰੀਖਿਆਵਾਂ) ਦੇ ਸਬੰਧਤ ਸੈਟਾਂ (ਨਿਗਰਾਨ ਰਜਿਸਟ੍ਰੇਸ਼ਨ, ਕੰਡਕਟ, ਡਿਗਰੀ ਸੈਕਸ਼ਨ ਅਤੇ ਪ੍ਰੈਕਟੀਕਲ ਆਦਿ)ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ।
02. ਡਾਇਰੈਕਟਰ, ਯੋਜਨਾ ਅਤੇ ਨਿਰੀਖਣ
03. ਡਾਇਰੈਕਟਰ, ਸਪੋਰਟਸ
04. ਡਾਇਰੈਕਟਰ, ਕੰਪਿਊਟਰ ਸੈਂਟਰ
05. ਕੋਆਰਡੀਨੇਟਰ, ਐਨ.ਐਨ.ਐਸ ਵਿਭਾਗ
06. ਡਾਇਰੈਕਟਰ, ਯੂਥ ਵੈਲ ਫੇਅਰ
07. ਨਿਗਰਾਨ (ਲੇਖਾ ਸ਼ਾਖਾ-2)
08. ਨਿਗਰਾਨ (ਮੀਟਿੰਗ)
09. ਸਹਾਇਕ -1,2 ਅਤੇ 5 (ਕਾਲਜ ਸੈਕਸ਼ਨ)
10. ਉਕਤ ਕੋਰਸ ਸਬੰਧੀ ਇੰਡੋਮੈਂਟ ਫੰਡ ਵਜੋਂ ਪ੍ਰਾਪਤ ਹੋਈ 02 ਲੱਖ ਰੁਪਏ ਦੀ ਅਸਲ ਐਫ.ਡੀ.ਆਰ (ਨੱਥੀ) (ਨੰ. 925040072286476, dt. 16.04.2025, AXIS BANK), ਜੋ ਕਿ ਕਾਲਜ ਸੈਕਸ਼ਨ (ਡੀਲਿੰਗ ਸਹਾਇਕ-3) ਵੱਲੋਂ ਚੈੱਕ ਕੀਤੀ ਗਈ, ਨੂੰ ਮੂਲ ਰੂਪ ਵਿੱਚ ਅਗਲੇਰੀ ਕਾਰਵਾਈ ਹਿੱਤ ਸਹਾਇਕ -3 (ਕਾਲਜ ਸੈਕਸ਼ਨ) ਨੂੰ ਭੇਜਿਆ ਜਾਂਦਾ ਹੈ।

28/4/25

ਡੀਨ ਕਾਲਜ ਵਿਕਾਸ ਕੌਂਸਲ